**#BeeWell**

**ਮਾਤਾ-ਪਿਤਾ ਅਤੇ ਸੰਭਾਲ ਕਰਤਾ ਲਈ ਜਾਣਕਾਰੀ ਸ਼ੀਟ**

## ਮੈਂਨੂੰ ਇਹ ਚਿੱਠੀ ਕਿਉਂ ਮਿਲੀ ਹੈ?

## ਤੁਹਾਡੇ ਬੱਚੇ ਨੂੰ ਰਿਸਰਚ ਅਧਿਐਨ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾ ਰਿਹਾ ਹੈ।

ਉਹ ਭਾਗ ਲੈ ਸਕਦੇ ਹਨ ਜਾਂ ਨਹੀਂ, ਇਹ ਨਿਰਧਾਰਿਤ ਕਰਨ ਤੋਂ ਪਹਿਲਾਂ, ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਰਿਸਰਚ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ ਸ਼ਾਮਿਲ ਹੋਵੇਗਾ। ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਧਿਆਨ ਨਾਲ ਪੜ੍ਹਣ ਲਈ ਸਮਾਂ ਲਓ। ਜੇ ਕੁਝ ਵੀ ਅਸਪੱਸ਼ਟ ਹੈ ਜਾਂ ਜੇ ਤੁਸੀਂ ਜ਼ਿਆਦਾ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ (ਹੇਠਾਂ ਦਿੱਤਾ 'ਹੋਰ ਜਾਣਕਾਰੀ' ਸੈਕਸ਼ਨ ਦੇਖੋ)। ਇਸ ਨੂੰ ਪੜ੍ਹਣ ਲਈ ਸਮਾਂ ਦੇਣ ਲਈ ਤੁਹਾਡਾ ਧੰਨਵਾਦ।

**ਜੇ ਤੁਹਾਡਾ ਬੱਚਾ ਪਤਝੜ 2023 ਦੇ 10ਵੇਂ ਸਾਲ ਵਿੱਚ ਹੋਵੇਗਾ,** ਤਾਂ ਉਹਨਾਂ ਦਾ ਸਾਲ ਸਮੂਹ, ਵਿਦਿਆਰਥੀਆਂ ਦੇ ਉਸ ਸਮੂਹ ਦਾ ਹਿੱਸਾ ਹੈ ਜਿਸਨੂੰ ਅਸੀਂ ਸਾਲਾਨਾ ਆਧਾਰ 'ਤੇ ਸਰਵੇਖਣ ਨੂੰ ਪੂਰਾ ਕਰਨ ਲਈ ਕਹਿ ਰਹੇ ਹਾਂ ਜੋ ਪਤਝੜ 2023 ਤੋਂ ਸ਼ੁਰੂ ਹੋ ਰਿਹਾ ਹੈ। ਤੁਹਾਨੂੰ ਇਹ ਜਾਣਕਾਰੀ ਸ਼ੀਟ ਪਿਛਲੇ ਸਾਲ ਮਿਲੀ ਹੋਵੇਗੀ ਜੇਕਰ ਤੁਹਾਡੇ ਬੱਚੇ ਦੇ ਸਕੂਲ ਨੇ ਭਾਗ ਲੈਣ ਲਈ ਸਾਈਨ ਅੱਪ ਕੀਤਾ ਹੈ।

**ਜੇਕਰ ਤੁਸੀਂ ਪਿਛਲੇ ਸਾਲ** ਆਪਣੇ ਬੱਚੇ ਲਈ ਰਿਸਰਚ ਅਧਿਐਨ ਤੋਂ ਬਾਹਰ ਹੋਣ ਦੀ ਚੋਣ ਕੀਤੀ ਸੀ, ਤਾਂ ਫਿਰ ਬਾਹਰ ਹੋਣ ਦੀ ਚੋਣ ਦਾ ਤੁਹਾਡਾ ਫੈਸਲਾ ਅਜੇ ਵੀ ਸਾਡੇ ਸਿਸਟਮ 'ਤੇ ਦਰਜ ਹੈ ਅਤੇ ਤੁਹਾਡਾ ਬੱਚਾ ਇਸ ਸਾਲ ਸਰਵੇਖਣ ਵਿੱਚ ਹਿੱਸਾ **ਨਹੀਂ** ਲਵੇਗਾ। ਤੁਹਾਨੂੰ ਦੁਬਾਰਾ ਫਾਰਮ ਵਾਪਸ ਭੇਜਣ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਪਹਿਲਾਂ ਆਪਣੇ ਬੱਚੇ ਲਈ ਸਰਵੇਖਣ ਵਿਚੋਂ ਬਾਹਰ ਹੋਣ ਦੀ ਚੋਣ ਕੀਤੀ ਹੈ ਪਰ ਤੁਸੀਂ ਚਾਹੁੰਦੇ ਹੋ ਕਿ ਉਹ ਪਤਝੜ 2023 ਵਿੱਚ ਹਿੱਸਾ ਲਵੇ, ਤਾਂ ਕਿਰਪਾ ਕਰਕੇ ਸਾਡੇ ਨਾਲ beewell@manchester.ac.uk 'ਤੇ ਸੰਪਰਕ ਕਰੋ।

## ਰਿਸਰਚ ਬਾਰੇ

## ਰਿਸਰਚ ਕੌਣ ਸੰਚਾਲਿਤ ਕਰੇਗਾ?

ਪ੍ਰੋਫੈਸਰ ਨੀਲ ਹੰਫਰੇ, ਮੈਨਚੈਸਟਰ ਇੰਸਟੀਟਿਊਟ ਆੱਫ਼ ਐਜੂਕੇਸ਼ਨ, ਦ ਯੂਨੀਵਰਸਿਟੀ ਆੱਫ਼ ਮੈਨਚੈਸਟਰ, ਅਧਿਅਨ ਦੀ ਅਗਵਾਈ ਕਰ ਰਹੇ ਹਨ। ਇਹ ਪ੍ਰੋਜੈਕਟ ਦ ਯੂਨੀਵਰਸਿਟੀ ਆੱਫ਼ ਮੈਨਚੈਸਟਰ, ਐਨਾ ਫਰਿਊਡ ਨੈਸ਼ਨਲ ਸੈਂਟਰ ਫਾਰ ਚਿਲਡਰਨ ਐਂਡ ਫੈਮਲੀਜ਼, ਚਾਇਲਡ ਆਊਟਕਮਸ ਰਿਸਰਚ ਕੰਸੋਰਟੀਅਮ, ਗੈ੍ਰਗਸਨ ਫੈਮਿਲੀ ਫਾਉਂਡੇਸ਼ਨ, ਅਤੇ ਗ੍ਰੇਟਰ ਮੈਨਚੈਸਟਰ ਕੰਬਾਇੰਡ ਅਥਾਰਿਟੀ ਦੇ ਵਿਚਕਾਰ ਸਹਿਯੋਗ ਹੈ। ਸਿਰਫ਼ ਮੈਨਚੈਸਟਰ ਯੂਨੀਵਰਸਿਟੀ ਕੋਲ ਹੇਠਾਂ ਦਿੱਤੇ ਪ੍ਰੋਜੈਕਟ ਡਾਟਾਸੈਟ ਤੱਕ ਪਹੁੰਚ ਹੋਵੇਗੀ; ਬਾਕੀ ਸੰਸਥਾਵਾਂ ਹੋਰ ਤਰੀਕਿਆਂ ਨਾਲ ਪ੍ਰੋਜੈਕਟ ਵਿਚ ਮਦਦ ਕਰਦੀਆਂ ਹਨ (ਉਦਾਹਰਣ ਵਜੋਂ, ਚਾਈਲਡ ਆਊਟਕਮਜ਼ ਰਿਸਰਚ ਕੰਸੋਰਟੀਅਮ ਸਕੂਲਾਂ ਨੂੰ ਉਹਨਾਂ ਦੀ ਭਲਾਈ ਦੇ ਪ੍ਰਬੰਧਾਂ ਬਾਰੇ ਮਾਰਗਦਰਸ਼ਨ ਦਿੰਦਾ ਹੈ)

## ਰਿਸਰਚ ਦਾ ਉਦੇਸ਼ ਕੀ ਹੈ?

ਸਾਡੇ ਅਧਿਅਨ #BeeWell ਪ੍ਰੋਗਰਾਮ ਦਾ ਉਦੇਸ਼ ਗ੍ਰੇਟਰ ਮੈਨਚੈਸਟਰ ਵਿੱਚ ਨੌਜਵਾਨਾਂ ਦੀ ਸਿਹਤ (ਜਿਵੇਂ ਖੁਸ਼ੀ) ਵੱਲ ਧਿਆਨ ਦੇਣਾ ਹੈ। ਅਸੀਂ ਵੀ ਇਹ ਜਾਣਨਾ ਚਾਹੁੰਦੇ ਹਾਂ ਕਿ ਉਹਨਾਂ ਦੀ ਸਿਹਤ (ਜਿਵੇਂ ਰਿਸ਼ਤੇ, ਸਰੀਰਿਕ ਕਿਰਿਆ) 'ਤੇ ਕੀ ਪ੍ਰਭਾਵ ਪੈਂਦਾ ਹੈ।

*ਭਾਗ ਲੈਣ ਲਈ ਕਿਸਨੂੰ ਪੁੱਛਿਆ ਜਾ ਰਿਹਾ ਹੈ?*

ਤੁਹਾਡੇ ਬੱਚੇ ਦੇ ਸਕੂਲ ਨੇ #BeeWell ਪ੍ਰੋਗਰਾਮ ਲਈ ਸਾਈਨ ਅਪ ਕੀਤਾ ਹੈ, ਜਿਸ ਵਿੱਚ ਵਿਦਿਆਰਥੀ ਸਾਲ ਵਿੱਚ ਇੱਕ ਵਾਰ ਆਨਲਾਇਨ ਸਰਵੇਖਣ ਪੂਰਾ ਕਰਦੇ ਹਨ, ਜੋ ਹੇਠਾਂ ਦਿੱਤੇ ਅਨੁਸਾਰ ਹੁੰਦਾ ਹੈ:

| | 2021-22 | 2022-23 | 2023-24 |
|---|---|---|---|
| ਸਾਲ 8 | ਸਰਵੇਖਣ | ਕੋਈ ਸਰਵੇਖਣ ਨਹੀਂ | ਕੋਈ ਸਰਵੇਖਣ ਨਹੀਂ |
| ਸਾਲ 9 | ਕੋਈ ਸਰਵੇਖਣ ਨਹੀਂ | ਸਰਵੇਖਣ | ਕੋਈ ਸਰਵੇਖਣ ਨਹੀਂ |
| ਸਾਲ 10 | ਸਰਵੇਖਣ | ਸਰਵੇਖਣ | ਸਰਵੇਖਣ |

*ਕੀ ਰਿਸਰਚ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ?*

ਅਸੀਂ ਆਪਣੀਆਂ ਖੋਜਾਂ ਨੂੰ ਰਸਾਲਿਆਂ, ਬਲਾਗ, ਕਾਨਫਰੰਸ ਪੇਸ਼ਕਾਰੀਆਂ, ਡਾਕਟਰਲ ਸਟੂਡੈਂਟਸ ਥੀਸਿਸ, ਅਤੇ ਸੰਖੇਪ ਰਿਪੋਰਟਾਂ ਨੂੰ ਵੈਬਸਾਇਟਾਂ ਅਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ ਕਰਾਂਗੇ। ਹਿੱਸਾ ਲੈਣ ਵਾਲੇ ਸਕੂਲਾਂ, ਸਥਾਨਕ ਅਥਾਰਟੀਆਂ, ਅਤੇ ਦ ਗ੍ਰੇਟਰ ਮੈਨਚੈਸਟਰ ਕੰਬਾਇੰਡ ਅਥਾਰਿਟੀ ਨੂੰ ਸੰਖੇਪ ਫੀਡਬੈਕ ਰਿਪੋਰਟਾਂ ਮਿਲਣਗੀਆਂ। ਪ੍ਰੋਜੈਕਟ ਡਾਟਾਸੈਟ ਜਨਤਕ ਤੌਰ 'ਤੇ ਵੀ ਉਪਲਬਧ ਕਰਾਇਆ ਜਾਵੇਗਾ।

ਇਸਦਾ ਮਤਲਬ ਇਹ ਹੋਵੇਗਾ ਕਿ ਦੂਜੇ ਖੋਜਕਰਤਾ ਨੌਜਵਾਨਾਂ ਦੀ ਤੰਦਰੁਸਤੀ ਬਾਰੇ ਆਪਣੇ ਪ੍ਰਸ਼ਨਾਂ ਦੇ ਜਵਾਬ ਲਈ ਡੇਟਾ ਦੀ ਵਰਤੋਂ ਕਰ ਸਕਦੇ ਹਨ। ਇਹਨਾਂ ਸਭ ਤੋਂ ਇਲਾਵਾ, ਤੁਹਾਡੇ ਬੱਚੇ ਦੇ ਜਵਾਬ ਪੂਰੀ ਤਰ੍ਹਾਂ ਬੇਨਾਮ ਹੋਣਗੇ।

*ਪ੍ਰਗਟਾਓ ਅਤੇ ਬੈਰਿੰਗ ਸਰਵਿਸ (DBS) ਚੈਕ*

ਸੁਧਾਰ ਕੀਤੇ ਗਏ ਖੁਲਾਸੇ ਦੇ ਪੱਧਰ ਤੇ ਰਿਸਰਚ ਟੀਮ ਦੇ ਹਰੇਕ ਮੈਂਬਰ ਕੋਲ DBS ਚੇਕਸ ਹਨ।

*ਰਿਸਰਚ ਪ੍ਰੋਜੈਕਟ ਦੀ ਸਮੀਖਿਆ ਕਿਸਨੇ ਕੀਤੀ ਹੈ?*

ਪ੍ਰੋਜੈਕਟ ਦੀ ਸਮੀਖਿਆ ਅਤੇ ਸਵੀਕ੍ਰਿਤੀ ਯੂਨੀਵਰਸਿਟੀ ਔਫ਼ ਮੈਨਚੈਸਟਰ ਰਿਸਰਚ ਐਥਿਕਸ ਕਮੇਟੀ 1 ਦੁਆਰਾ ਦਿੱਤੀ ਗਈ ਹੈ (ਰੈਫ਼: 2021-11133-18179)।

*ਰਿਸਰਚ ਦੀ ਫੰਡਿੰਗ ਕੌਣ ਕਰ ਰਿਹਾ ਹੈ?*

ਪ੍ਰੋਜੈਕਟ ਨੂੰ ਦ ਯੂਨੀਵਰਸਿਟੀ ਔਫ਼ ਮੈਨਚੈਸਟਰ, ਦ ਗ੍ਰੇਟਰ ਮੈਨਚੈਸਟਰ ਕੰਬਾਇੰਡ ਅਥਾਰਿਟੀ, ਪਾੱਲ ਹੈਮਲਾਇਨ ਫਾਉਂਡੇਸ਼ਨ, ਦ ਗ੍ਰੈਗਸਨ ਫੈਮਿਲੀ ਫਾਉਂਡੇਸ਼ਨ, ਦ ਹੋਲਰੋਇਡ ਫਾਉਂਡੇਸ਼ਨ, ਦ ਨੈਸ਼ਨਲ ਲਾਟਰੀ ਕਮਿਊਨਿਟੀ ਫੰਡ, ਦ ਓਗਲਸਬਾਏ ਚੈਰੀਟੇਬਲ ਟਰੱਸਟ, ਅਤੇ ਦ ਪੀਟਰ ਕੰਡਿਲ ਫਾਉਂਡੇਸ਼ਨ, ਬਿਗ ਚੇਂਜ, ਅਤੇ BBC ਚਿਲਡਰਨ ਇਨ ਨੀਡ ਦੁਆਰਾ ਫੰਡਿੰਗ ਕੀਤੀ ਗਈ ਹੈ।

## ਮੇਰੇ ਬੱਚੇ ਦੀ ਭਾਗੀਦਾਰੀ ਕੀ ਹੋਵੇਗੀ?

ਤੁਹਾਡੇ ਬੱਚੇ ਨੂੰ ਪਤਝੜ 2023 ਵਿੱਚ ਇੱਕ ਸਰਵੇਖਣ ਪੂਰਾ ਕਰਨ ਲਈ ਕਿਹਾ ਜਾਵੇਗਾ, ਜਿਸ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਨੂੰ 20-30 ਮਿੰਟ ਲੱਗਣਗੇ। ਇਹ ਸਕੂਲ ਵਿੱਚ ਆਨਲਾਈਨ ਕੀਤਾ ਜਾਵੇਗਾ।

ਸਰਵੇਖਣ ਵਿੱਚ ਭਾਗ ਲੈਣ ਦੇ ਕੋਈ ਅਹਿਮ ਜ਼ੋਖਿਮ ਜਾਂ ਨੁਕਸਾਨ ਨਹੀਂ ਹਨ। ਹਾਲਾਂਕਿ, ਅਸੀਂ ਤੁਹਾਡੇ ਬੱਚੇ ਨੂੰ ਸਹਾਇਤਾ ਦੇ ਸਰੋਤਾਂ ਦੀ ਰੇਂਜ ਬਾਰੇ ਜਾਣਕਾਰੀ ਦੇਵਾਂਗੇ ਕਿ ਜੇ ਕੋਈ ਵੀ ਸਵਾਲ ਉਹਨਾਂ ਨੂੰ ਉਦਾਸ, ਚਿੰਤਿਤ ਜਾਂ ਪਰੇਸ਼ਾਨ ਕਰਦੇ ਹਨ (ਉਦਾਹਰਨ ਲਈ ਮਾਤਾ-ਪਿਤਾ/ਦੇਖਭਾਲਕਰਤਾ, ਚਾਇਲਡਲਾਇਨ, ਸਕੂਲ ਸਟਾਫ਼ ਦਾ ਮੈਂਬਰ) ਤਾਂ ਉਹ ਪੁੱਛ ਸਕਦੇ ਹਨ। ਭਾਗ ਲੈਣ ਕਰਕੇ ਕੋਈ ਗਾਰੰਟੀਸ਼ੁਦਾ ਲਾਭ ਨਹੀਂ ਹੈ, ਪਰ ਸਿਹਤ ਸਬੰਧੀ ਸਰਵੇਖਣ ਪੂਰਾ ਕਰਨਾ ਉਹਨਾਂ ਦੇ ਜੀਵਨਾਂ ਨੂੰ ਪ੍ਰਤਿਬਿੰਬਿਤ ਕਰਨ ਲਈ ਕੁਝ ਨੌਜਵਾਨਾਂ ਦੀ ਮਦਦ ਕਰ ਸਕਦਾ ਹੈ।

*ਕੀ ਭਾਗ ਲੈਣ ਲਈ ਮੈਨੂੰ ਜਾਂ ਮੇਰੇ ਬੱਚੇ ਨੂੰ ਮੁਆਵਜ਼ਾ (ਜਿਵੇਂ ਪੈਸਾ ਜਾਂ ਵਾਉਚਰ) ਦਿੱਤਾ ਜਾਵੇਗਾ?*

ਭਾਗ ਲੈਣ ਲਈ ਕੋਈ ਮੁਆਵਜ਼ਾ ਉਪਲਬਧ ਨਹੀਂ ਹੈ।

*ਕੀ ਹੁੰਦਾ ਹੈ ਜੇ ਮੈਂ ਆਪਣੇ ਬੱਚੇ ਨੂੰ ਭਾਗ ਲੈਣ ਨਹੀਂ ਦਿੰਦਾ ਜਾਂ ਮੈਂ ਆਪਣਾ ਮਨ ਬਦਲ ਲੈਂਦਾ ਹਾਂ?*

ਆਪਣੇ ਬੱਚੇ ਨੂੰ ਭਾਗ ਲੈਣ ਦੇਣ ਜਾਂ ਨਾ ਦੇਣ ਦਾ ਨਿਰਣਾ ਲੈਣਾ ਤੁਹਾਡੇ 'ਤੇ ਨਿਰਭਰ ਹੈ। ਜੇ ਤੁਸੀਂ ਇਜਾਜ਼ਤ ਦਿੰਦੇ ਹੋ, ਤਾਂ ਤੁਹਾਡਾ ਬੱਚਾ ਵੀ ਪੁੱਛੇਗਾ ਕਿ ਕੀ ਉਹ ਭਾਗ ਲੈ ਸਕਦਾ ਹੈ। ਤੁਸੀਂ ਦੋਵੇਂ ਬਿਨਾਂ ਕੋਈ ਕਾਰਨ ਦਿੱਤੇ, ਕਿਸੇ ਵੀ ਸਮੇਂ ਛੱਡ ਸਕਦੇ ਹੋ। ਜੇ ਤੁਹਾਡੇ ਬੱਚੇ ਦੇ ਭਾਗ ਲੈਣ ਤੋਂ ਬਾਅਦ, ਤੁਸੀਂ ਨਿਰਣਾ ਲੈਂਦੇ ਹੋ ਕਿ ਤੁਸੀਂ ਆਪਣੇ ਸਰਵੇਖਣ ਦੇ ਜਵਾਬ ਹਟਾਉਣਾ ਚਾਹੁੰਦੇ ਹੋ, ਤੁਸੀਂ ਰਿਕਾਰਡ ਮਿਟਾਉਣ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਪਰ, ਤੁਹਾਡੇ ਬੱਚੇ ਦਾ ਡਾਟਾ ਇੱਕ ਵਾਰ ਗੁਮਨਾਮ ਕਰਨ ਤੋਂ ਬਾਦ ਹਟਾਉਣਾ ਸੰਭਵ ਨਹੀਂ ਹੋਵੇਗਾ ਕਿਉਂਕਿ ਅਸੀਂ ਉਨ੍ਹਾਂ ਦੇ ਨਿੱਜੀ ਡਾਟਾ ਦੀ ਪਛਾਣ ਨਹੀਂ ਕਰ ਪਾਵਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਇਹ 2026 ਦੇ ਅੰਤ ਤੱਕ ਹੋ ਜਾਵੇਗਾ, ਜਿਸ ਤੋਂ ਬਾਅਦ ਨਿੱਜੀ ਤੌਰ 'ਤੇ ਪਛਾਣਨ ਯੋਗ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ ਜਾਵੇਗਾ।

ਇਹ ਤੁਹਾਡੇ ਡਾਟਾ ਸੁਰੱਖਿਆ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। ਜੇ ਤੁਸੀਂ ਨਿਰਧਾਰਿਤ ਕਰਦੇ ਹੋ ਕਿ ਤੁਹਾਡੇ ਬੱਚੇ ਨੇ ਭਾਗ ਨਹੀਂ ਲੈਣਾ, ਤਾਂ ਕਿਰਪਾ ਕਰਕੇ ਇਸ ਸ਼ੀਟ ਦੇ ਅੰਤ ਵਿੱਚ 'ਛੱਡਣ' ਦਾ ਫਾਰਮ ਪੂਰਾ ਕਰੋ ਅਤੇ ਇਸਨੂੰ ਨਿਰਧਾਰਿਤ ਤਾਰੀਖ਼ ਤੱਕ ਫ੍ਰੀਪੋਸਟ ਪਤੇ ਨੂੰ ਵਰਤ ਕੇ ਸਾਨੂੰ ਵਾਪਸ ਕਰੋ। ਜੇ ਤੁਸੀਂ ਤਰਜ਼ੀਹ ਦਿੰਦੇ ਹੋ, ਤਾਂ ਤੁਸੀਂ ਛੱਡਣ ਦੇ ਫਾਰਮ 'ਤੇ ਦਿੱਤੀ ਜਾਣਕਾਰੀ ਵਰਤ ਕੇ ਸਾਨੂੰ ਟੈਲੀਫੋਨ ਜਾਂ ਈਮੇਲ ਕਰ ਸਕਦੇ ਹੋ।

## ਡਾਟਾ ਸੁਰੱਖਿਆ ਅਤੇ ਗੋਪਨੀਅਤਾ

*ਮੇਰੇ ਬੱਚੇ ਬਾਰੇ ਤੁਸੀਂ ਕੀ ਜਾਣਕਾਰੀ ਇਕੱਠੀ ਕਰੋਗੇ?*

ਇਸ ਸਰਵੇਖਣ ਵਿੱਚ ਭਾਗ ਲੈਣ ਲਈ ਤੁਹਾਡੇ ਬੱਚੇ ਵਾਸਤੇ ਸਾਨੂੰ ਉਹ ਜਾਣਕਾਰੀ ਇਕੱਠੀ ਕਰਨੀ ਪਵੇਗੀ ਜੋ ਉਹਨਾਂ ਦੀ ਪਛਾਣ ਕਰ ਸਕਦੀ ਹੋਵੇ, ਇਸਨੂੰ "ਨਿੱਜੀ ਪਛਾਣ ਦੀ ਜਾਣਕਾਰੀ" ਕਿਹਾ ਜਾਂਦਾ ਹੈ। ਸਾਨੂੰ ਇਕੱਠਾ ਕਰਨਾ ਪਵੇਗਾ:

- ਅਗਲਾ ਨਾਮ, ਉਪਨਾਮ

- ਜਾਤ
- ਯੂਨੀਕ ਵਿਦਿਆਰਥੀ ਨੰਬਰ
- ਜਨਮ ਦੀ ਤਾਰੀਖ
- ਰਿਹਾਇਸ਼ੀ ਪੋਸਟਕੋਡ
- ਮੁਫ਼ਤ ਸਕੂਲ ਭੋਜਨ ਯੋਗਤਾ
- ਸਾਲ ਸਮੂਹ
- ਲਿੰਗ
- ਖਾਸ ਵਿੱਦਿਅਕ ਲੋੜਾਂ
- ਇੱਕ ਵਾਧੂ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ

ਇਹ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਜਾਂ ਸਥਾਨਕ ਪਦ ਅਧਿਕਾਰੀ ਦੁਆਰਾ ਦਿੱਤੀ ਜਾਵੇਗੀ।

ਅਸੀਂ ਤੁਹਾਡੇ ਬੱਚੇ ਦੀ ਸਿਹਤ, ਅਤੇ ਉਹਨਾਂ ਕਾਰਕਾਂ ਬਾਰੇ ਜਾਣਕਾਰੀ ਇਕੱਠੀ ਕਰਾਂਗੇ ਜੋ ਉਹਨਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਵਿੱਚ ਸਵਾਲ ਸ਼ਾਮਿਲ ਹੈ:

- ਸਵਾਧੀਨਤਾ, ਜੀਵਨ ਸੰਤੁਸ਼ਟੀ, ਸਕਾਰਾਤਮਕਤਾ ਅਤੇ ਜੀਵਨ ਦੀ ਤਿਆਰੀ ਬਾਰੇ
- ਮਨੋਵਿਗਿਆਨਿਕ ਤੰਦਰੁਸਤੀ, ਆਤਮ-ਸਨਮਾਨ, ਤਨਾਅ, ਨਿਪਟਾਨ ਅਤੇ ਭਾਵਨਾ ਨਿਯੰਤਰਣ ਬਾਰੇ
- ਸਕਾਰਾਤਮਕ ਅਤੇ ਨਕਾਰਾਤਮਕ ਭਾਵਨਾਵਾਂ ਬਾਰੇ
- ਸਿਹਤ ਅਤੇ ਰੁਟੀਨ, ਸ਼ੌਕ ਅਤੇ ਮਨੋਰੰਜਨ, ਸਕੂਲ, ਵਾਤਾਵਰਣ ਅਤੇ ਸਮਾਜ, ਰਿਸ਼ਤਿਆਂ, ਅਤੇ ਭਵਿੱਖ ਬਾਰੇ
- ਲਿੰਗ ਪਹਿਚਾਣ ਅਤੇ ਝੁਕਾਓ
- ਮਾਇਗ੍ਰੇਸ਼ਨ ਸਟੇਟਸ

*ਇਕੱਠੀ ਕੀਤੀ ਜਾਣਕਾਰੀ ਕਿਵੇਂ ਵਰਤੀ ਜਾਵੇਗੀ?*

ਉਹਨਾਂ ਦੇ ਸਰਵੇਖਣ ਦੇ ਜਵਾਬਾਂ ਲਈ ਅਸੀਂ ਤੁਹਾਡੇ ਬੱਚੇ ਦੇ ਸਕੂਲ ਜਾਂ ਲੋਕਲ ਅਥਾਰਟੀ ਦੁਆਰਾ ਦਿੱਤੀ ਜਾਣਕਾਰੀ ਨੂੰ ਲਿੰਕ ਕਰਾਂਗੇ। ਸਥਾਨਕ ਖੇਤਰ ਬਾਰੇ ਅਸੀਂ ਉਹਨਾਂ ਦੇ ਰਿਹਾਇਸ਼ੀ ਪੋਸਟਕੋਡ ਨੂੰ ਜਨਤਕ ਜਾਣਕਾਰੀ ਨਾਲ ਲਿੰਕ ਕਰਾਂਗੇ (ਉਦਾਹਰਨ ਲਈ, ਭਾਵੇਂ ਉਸਦੀ ਪਹੁੰਚ ਪਾਰਕਾਂ ਅਤੇ ਹੋਰ ਹਰੀ-ਭਰੀ ਥਾਵਾਂ ਤੱਕ ਹੋਵੇ)। ਭਵਿੱਖ ਵਿੱਚ, ਅਸੀਂ ਆਪਣੇ ਪ੍ਰੋਜੈਕਟ ਡਾਟਾ ਨੂੰ ਤੁਹਾਡੇ ਬੱਚੇ ਬਾਰੇ ਰੱਖੀ ਗਈ ਹੋਰ ਜਾਣਕਾਰੀ ਨਾਲ ਲਿੰਕ ਕਰਨ ਦੀ ਯੋਜਨਾ ਬਣਾ ਰਹੇ ਹਾਂ, ਉਦਾਹਰਨ ਲਈ, ਰਾਸ਼ਟਰੀ ਵਿਦਿਆਰਥੀ ਡਾਟਾਬੇਸ ਵਿੱਚ ਵਿਦਿਅਕ ਡਾਟਾ (ਜਿਵੇਂ ਕਿ ਅਕੈਡਮਿਕ ਪ੍ਰਾਪਤੀ); ਉੱਚ ਵਿਦਿਅਕ ਨਤੀਜਿਆਂ ਦੇ ਡਾਟਾਬੇਸ ਵਿੱਚ ਰੁਜ਼ਗਾਰ ਅਤੇ ਕਮਾਈ ਦਾ ਡਾਟਾ (ਉਦਾਹਰਨ ਲਈ ਸਾਲਾਨਾ ਆਮਦਨ); ਕਮਿਊਨਿਟੀ ਸਰਵਿਸਿਜ਼ ਡਾਟਾਸੈਟ ਵਿੱਚ NHS-ਫੰਡਡ ਕਮਿਊਨਿਟੀ ਸੇਵਾਵਾਂ (ਜਿਵੇਂ ਕਿ ਬੱਚਿਆਂ ਅਤੇ ਨੌਜਵਾਨਾਂ ਦੀਆਂ ਸਿਹਤ ਸੇਵਾਵਾਂ ਲਈ ਰੈਫ਼ਰਲ) ਤੱਕ ਪਹੁੰਚ ਬਾਰੇ ਡਾਟਾ; ਅਤੇ, ਮੈਂਟਲ ਹੈਲਥ ਸਰਵਿਸਿਜ਼ ਡਾਟਾਸੈਟ ਵਿੱਚ NHS-ਫੰਡਡ ਮਾਨਸਿਕ ਸਿਹਤ ਸੇਵਾਵਾਂ (ਜਿਵੇਂ ਕਿ ਬਾਲ ਅਤੇ ਕਿਸ਼ੋਰ ਮਾਨਸਿਕ ਸਿਹਤ ਸੇਵਾਵਾਂ ਲਈ ਰੈਫ਼ਰਲ) ਤੱਕ ਪਹੁੰਚ ਬਾਰੇ ਡਾਟਾ।

*ਡਾਟਾ ਕਿਵੇਂ ਲਿੰਕ ਕੀਤਾ ਜਾਵੇਗਾ ਅਤੇ ਇਹ ਫਾਇਦੇਮੰਦ ਕਿਉਂ ਹੈ?*

ਡਾਟਾ ਲਿੰਕੇਜ ਲਈ ਮੁੱਢਲੀ ਪ੍ਰਕਿਰਿਆ ਹੇਠਾਂ ਦਿੱਤੀ ਗਈ ਹੈ:



ਮਾਤਾ-ਪਿਤਾ ਦੀ ਇਜਾਜ਼ਤ UoM ਡਾਟਾ ਹੋਲਡਰ ਨੂੰ ਸੂਚੀ ਭੇਜਦਾ ਹੈ। ਡੇਟਾ ਹੋਲਡਰ ਰਿਕਾਰਡ ਲੱਭਦਾ ਹੈ। ਡਾਟਾ ਹੋਲਡਰ UoM ਨੂੰ ਡਾਟਾ ਭੇਜਣ ਲਈ ਨਾਮ ਹਟਾ ਦਿੰਦਾ ਹੈ। UoM ਡਾਟਾ ਦੀ ਛਾਣਬੀਣ ਕਰਦਾ ਹੈ।

ਆਪਣੇ ਪ੍ਰੋਜੈਕਟ ਡਾਟਾ ਨੂੰ ਇਸ ਤਰੀਕੇ ਨਾਲ ਲਿੰਕ ਕਰਨ ਨਾਲ ਨੌਜਵਾਨਾਂ ਦੀ ਭਲਾਈ ਬਾਰੇ ਅਸੀਂ ਜੋ ਸਿੱਖ ਸਕਦੇ ਹਾਂ ਉਸ ਵਿਚ ਕਾਫੀ ਸੁਧਾਰ ਹੁੰਦਾ ਹੈ ਅਤੇ ਇਹ ਉਹਨਾਂ ਦੀ ਜ਼ਿੰਦਗੀ ਦੇ ਹੋਰ ਪਹਿਲੂਆਂ ਵਿੱਚ ਜੋ ਕੁਝ ਹੋ ਰਿਹਾ ਹੈ ਉਨ੍ਹਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ (ਅਤੇ ਉਹਨਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ)।

*ਤੁਸੀਂ ਕਿਸ ਕਾਨੂੰਨੀ ਆਧਾਰ ਤੇ ਇਹ ਜਾਣਕਾਰੀ ਇਕੱਠੀ ਕਰ ਰਹੇ ਹੋ?*

ਅਸੀਂ UK ਡਾਟਾ ਪ੍ਰੋਟੈਕਸ਼ਨ ਕਾਨੂੰਨ ਦੇ ਅਨੁਸਾਰ ਨਿੱਜੀ ਪਛਾਣ ਦੀ ਜਾਣਕਾਰੀ ਇਕੱਠੀ ਕਰ ਰਹੇ ਹਾਂ ਅਤੇ ਸਟੋਰ ਕਰ ਰਹੇ ਹਾਂ। ਇਹ ਦੱਸਦਾ ਹੈ ਕਿ ਸਾਡੇ ਕੋਲ ਤੁਹਾਡਾ ਡਾਟਾ ਇਕੱਠਾ ਕਰਨ ਲਈ ਕਾਨੂੰਨੀ ਆਧਾਰ ਹੋਣੇ ਚਾਹੀਦੇ ਹਨ। ਇਸ ਅਧਿਅਨ ਦਾ, ਖਾਸ ਕਾਰਨ ਹੈ ਕਿ ਇਹ "ਜਨਤਕ ਹਿੱਤ ਕੰਮ" ਹੈ ਅਤੇ "ਖੋਜ ਉਦੇਸ਼ਾਂ ਲਈ ਜਰੂਰੀ ਪ੍ਰਕਿਰਿਆ ਹੈ।"

*ਮੇਰੇ ਬੱਚੇ ਬਾਰੇ ਤੁਹਾਡੇ ਦੁਆਰਾ ਇਕੱਠੀ ਕੀਤੀ ਜਾਣਕਾਰੀ ਸਬੰਧੀ ਮੇਰੇ ਕੀ ਅਧਿਕਾਰ ਹਨ?*

ਤੁਹਾਡੀ ਨਿੱਜੀ ਜਾਣਕਾਰੀ ਦੇ ਹਵਾਲੇ ਨਾਲ ਤੁਹਾਡੇ ਕੋਲ ਡੇਟਾ ਸੁਰੱਖਿਆ ਦੇ ਅਧੀਨ ਕਾਨੂੰਨੀ ਅਧਿਕਾਰ ਹਨ। ਉਦਾਹਰਨ ਲਈ, ਤੁਸੀਂ ਉਸ ਜਾਣਕਾਰੀ ਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ ਜੋ ਸਾਡੇ ਕੋਲ ਤੁਹਾਡੇ ਬੱਚੇ ਬਾਰੇ ਹੈ। ਜੇ ਤੁਸੀਂ ਆਪਣੇ ਵੱਖਰੇ ਅਧਿਕਾਰਾਂ ਬਾਰੇ ਜਾਂ ਉਸ ਤਰੀਕੇ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਜਿਸ ਤਰ੍ਹਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਰਤਦੇ ਹਾਂ, ਤਾਂ ਕਿਰਪਾ ਕਰਕੇ ਸਾਡੇ 'ਪ੍ਰਾਈਵੈਸੀ ਨੋਟਿਸ ਫਾਰ ਰਿਸਰਚ' ਨਾਲ ਸੰਪਰਕ ਕਰੋ: https://documents.manchester.ac.uk/display.aspx?DocID=37095

*ਕੀ ਸਰਵੇਖਣ ਵਿੱਚ ਮੇਰੇ ਬੱਚੇ ਦੀ ਭਾਗੀਦਾਰੀ ਗੁਪਤ ਹੋਵੇਗੀ? ਕੀ ਉਹਨਾਂ ਦੀ ਨਿੱਜੀ ਪਛਾਣ ਦੀ ਜਾਣਕਾਰੀ ਸੁਰੱਖਿਅਤ ਹੋਵੇਗੀ?*

ਡਾਟਾ ਸੁਰੱਖਿਆ ਕਾਨੂੰਨ ਦੇ ਅਨੁਸਾਰ, ਦ ਯੂਨੀਵਰਸਿਟੀ ਔਫ਼ ਮੈਨਚੈਸਟਰ ਇਸ ਪ੍ਰੋਜੈਕਟ ਲਈ ਡਾਟਾ ਕੰਟਰੋਲਰ ਹੈ। ਇਸਦਾ ਮਤਲਬ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਾਂ ਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ, ਗੁਪਤ ਰੱਖਿਆ ਗਿਆ ਹੈ ਅਤੇ ਸਿਰਫ਼ ਉਸੇ ਤਰੀਕੇ ਨਾਲ ਵਰਤਿਆ ਜਾਵੇਗਾ ਜਿਸ ਤਰ੍ਹਾਂ ਤੁਹਾਨੂੰ ਦੱਸਿਆ ਗਿਆ ਹੈ ਕਿ ਇਸਦੀ ਵਰਤੋਂ ਕੀਤੀ ਜਾਵੇਗੀ। ਸਾਰੇ ਰਿਸਰਚਸ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ, ਅਤੇ ਤੁਹਾਡੇ ਡਾਟਾ ਦੀ ਹੇਠ ਦਿੱਤੇ ਤਰੀਕਿਆਂ ਨਾਲ ਦੇਖਭਾਲ ਕੀਤੀ ਜਾਵੇਗੀ:

- ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੂਪ ਵਿਚ ਰੱਖੀ ਜਾਵੇਗੀ। ਸਿਰਫ਼ ਰਿਸਰਚ ਟੀਮ ਦੇ ਨਾਮੀ ਮੈਂਬਰ ਹੀ (ਮੈਨਚੈਸਟਰ ਯੂਨੀਵਰਸਿਟੀ ਦੁਆਰਾ ਨਿਯੁਕਤ ਕੀਤੇ ਗਏ ਸਾਰੇ) ਪਛਾਣਯੋਗ ਡਾਟਾ* ਤੱਕ ਪਹੁੰਚਣਗੇ, ਸਿਵਾਏ ਉਹਨਾਂ ਮੌਕਿਆਂ ਨੂੰ ਛੱਡ ਕੇ ਜਿੱਥੇ ਡਾਟਾ ਲਿੰਕੇਜ ਨੂੰ ਸਮਰੱਥ ਬਣਾਉਣ ਲਈ ਉਪਰ ਦਿੱਤੇ ਨਾਮੀ ਡਾਟਾਸੈਟਾਂ ਨੂੰ ਰੱਖਣ ਵਾਲੇ ਸੰਗਠਨਾਂ ਨੂੰ ਸੁਰੱਖਿਅਤ ਢੰਗ ਨਾਲ ਪ੍ਰਦਾਨ ਕੀਤਾ ਜਾ ਰਿਹਾ ਹੈ।
- ਰਿਸਰਚ ਟੀਮ ਦੇ ਉਪਰੋਕਤ ਦਿੱਤੇ ਤਰੀਕਿਆਂ ਵਿੱਚ ਡਾਟਾ ਲਿੰਕ ਕਰਨ ਲਈ ਪਛਾਣ ਦੀ ਜਾਣਕਾਰੀ ਵਰਤਣ ਤੋਂ ਬਾਅਦ, ਡਾਟਾਸੈਟ ਨੂੰ ਗੁੰਮਨਾਮ ਰੱਖਿਆ ਜਾਵੇਗਾ।
- ਸਾਰਾ ਸਰਵੇਖਣ ਡਾਟਾ ਸੁਰੱਖਿਅਤ, ਇਨਕ੍ਰਿਪਟਿਡ ਅਤੇ ਪਾਸਵਰਡ ਨਾਲ ਸੁਰੱਖਿਅਤ ਸਰਵਰ 'ਤੇ ਸਟੋਰ ਕੀਤਾ ਜਾਵੇਗਾ ਜੋ ਕਿ ਕੇਵਲ ਰਿਸਰਚ ਟੀਮ ਦੇ ਨਾਮਿਤ ਮੈਂਬਰ ਵਰਤ ਸਕਦੇ ਹਨ।
- ਸਾਰੇ ਡਾਟਾ 'ਤੇ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (GDPR) ਕਾਨੂੰਨ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
- ਜੇਕਰ ਤੁਸੀਂ ਆਪਣੇ ਬੱਚੇ ਲਈ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਸਹਿਮਤ ਹੋ ਅਤੇ ਤੁਹਾਡੀ ਇਜਾਜ਼ਤ ਨਾਲ, ਤੁਹਾਡੇ ਬੱਚੇ ਦੁਆਰਾ ਦਿੱਤੇ ਗਏ ਨਾ-ਪਛਾਨਣਯੋਗ ਸਰਵੇਖਣ ਡਾਟਾ ਨੂੰ ਹੋਰ ਰਿਸਰਚਰਸ ਅਤੇ ਏਜੰਸੀਆਂ ਨਾਲ ਸਾਂਝਾ ਕੀਤਾ ਜਾਵੇਗਾ। ਇਹ ਦ ਯੂਨੀਵਰਸਿਟੀ ਔਫ਼ ਮੈਨਚੈਸਟਰ ਰਿਸਰਚ ਪ੍ਰਾਈਵੈਸੀ ਨੋਟਿਸ ਅਨੁਸਾਰ ਵਾਧੂ ਰਿਸਰਚ ਵਿੱਚ ਸਹਾਇਤਾ ਕਰਨ ਲਈ ਹੈ (ਉੱਪਰ ਦਿੱਤਾ ਲਿੰਕ ਦੇਖੋ)। ਜਿਵੇਂ ਕਿ ਪਹਿਲਾਂ ਤੋਂ ਨੋਟ ਹੈ, ਇਹ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

*ਕਿਰਪਾ ਕਰਕੇ ਨੋਟ ਕਰੋ ਕਿ ਯੂਨੀਵਰਸਿਟੀ ਔਫ਼ ਮੈਨਚੈਸਟਰ ਜਾਂ ਹੋਰ ਅਧਿਕਾਰਾਂ ਦੇ ਵਿਅਕਤੀਆਂ ਨੂੰ ਇਹ ਯਕੀਨੀ ਬਣਾਉਣ ਲਈ ਇਸ ਅਧਿਅਨ ਲਈ ਇਕੱਠਾ ਕੀਤਾ ਡਾਟਾ ਦੇਖਣਾ ਪਵੇਗਾ ਕਿ ਪ੍ਰੋਜੈਕਟ ਨਿਯੋਜਿਤ ਕੀਤੇ ਅਨੁਸਾਰ ਚੱਲ ਰਿਹਾ ਹੈ। ਇਸ ਵਿੱਚ ਪਛਾਣ ਦਾ ਡਾਟਾ ਦੇਖਣਾ ਸ਼ਾਮਿਲ ਹੋ ਸਕਦਾ ਹੈ। ਨਿਰੀਖਣ ਵਿੱਚ ਸ਼ਾਮਿਲ ਸਾਰੇ ਵਿਅਕਤੀਆਂ ਦੀ ਤੁਹਾਡੀ/ਤੁਹਾਡੇ ਬੱਚੇ ਦੀ ਇੱਕ ਪ੍ਰਤੀਭਾਗੀ ਵਜੋਂ ਗੋਪਨੀਅਤਾ ਰੱਖਣ ਦੀ ਸਖ਼ਤ ਡਿਊਟੀ ਹੈ।

**ਕੀ ਹੋਵੇਗਾ ਜੇ ਮੇਰੀ ਸ਼ਿਕਾਇਤ ਹੈ?**

ਜੇ ਤੁਹਾਡੀ ਰਿਸਰਚ ਟੀਮ ਦੇ ਮੈਂਬਰਾਂ ਲਈ ਸਿੱਧੀ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**ਪ੍ਰੋਫੈਸਰ ਨੀਲ ਹੰਫਰੇ**
**ਐਲਨ ਵਿਲਕਿਨਸਨ ਬਿਲਡਿੰਗ, ਮੈਨਚੈਸਟਰ ਇੰਸਟੀਟਿਊਟ ਔਫ਼ ਐਜੁਕੇਸ਼ਨ, ਦ ਯੂਨੀਵਰਸਿਟੀ ਔਫ਼ ਮੈਨਚੈਸਟਰ, ਓਕਸਫੋਰਡ ਰੋਡ, ਮੈਨਚੈਸਟਰ M13 9PL**

**ਈਮੇਲ: neil.humphrey@manchester.ac.uk**

**ਟੈਲੀਫੋਨ: 0161 275 3404**

ਜੇ ਤੁਸੀਂ ਰਿਸਰਚ ਟੀਮ ਦੇ ਬਾਹਰ ਕਿਸੇ ਵਿਅਕਤੀ ਦੀ ਰਸਮੀ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਜੇ ਤੁਸੀਂ ਪਹਿਲੀ ਵਾਰ ਵਿੱਚ ਖੋਜਕਾਰਾਂ ਤੋਂ ਪ੍ਰਾਪਤ ਜਵਾਬ ਨਾਲ ਸੰਤੁਸ਼ਟ ਨਹੀਂ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**ਰਿਸਰਚ ਏਥਿਕਸ ਮੈਨੇਜਰ, ਰਿਸਰਚ ਔਫਿਸ ਕ੍ਰਿਸਟੀ ਬਿਲਡਿੰਗ, ਦ ਯੂਨੀਵਰਸਿਟੀ ਔਫ਼ ਮੈਨਚੈਸਟਰ, ਓਕਸਫੋਰਡ, ਮੈਨਚੈਸਟਰ, M13 9PL**

**ਈਮੇਲ: research.complaints@manchester.ac.uk**

**ਟੈਲੀਫੋਨ: 0161 306 8089**

ਜੇ ਤੁਸੀਂ ਆਪਣੇ ਡਾਟਾ ਸੁਰੱਖਿਆ ਅਧਿਕਾਰਾਂ ਬਾਰੇ ਸਾਡੇ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ dataprotection@manchester.ac.uk 'ਤੇ ਈਮੇਲ ਕਰੋ ਜਾਂ ਇੰਫੋਰਮੇਸ਼ਨ ਗਵਰਨੈਂਸ ਔਫਿਸ, ਕ੍ਰਿਸਟੀ ਬਿਲਡਿੰਗ, ਦ ਯੂਨੀਵਰਸਿਟੀ

ਔਫ਼ ਮੈਨਚੈਸਟਰ, ਓਕਸਫੋਰਡ ਰੋਡ, M13 9PL ਨੂੰ ਲਿਖੋ ਅਤੇ ਅਸੀਂ ਤੁਹਾਡੇ ਅਧਿਕਾਰਾਂ ਬਾਰੇ ਪ੍ਰਕਿਰਿਆ ਵਿੱਚ ਤੁਹਾਡਾ ਮਾਰਗਦਰਸ਼ਨ ਕਰਾਂਗੇ।

ਤੁਹਾਡੇ ਕੋਲ ਆਪਣੇ ਬੱਚੇ ਦੀ ਨਿੱਜੀ ਪਛਾਣ ਦੀ ਜਾਣਕਾਰੀ ਸਬੰਧੀ ਸ਼ਿਕਾਇਤਾਂ ਬਾਰੇ ਕਮੀਸ਼ਨਰ ਦੇ ਦਫ਼ਤਰ ਨੂੰ ਜਾਣਕਾਰੀ ਲਈ ਸ਼ਿਕਾਇਤ ਕਰਨ ਦਾ ਵੀ ਅਧਿਕਾਰ ਹੈ।

**ਔਨਲਾਇਨ: https://ico.org.uk/make-a-complaint/**

**ਟੈਲੀਫੋਨ: 0303 123 1113**

**ਹੋਰ ਜਾਣਕਾਰੀ**

ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਤੁਸੀਂ beewell@manchester.ac.uk 'ਤੇ ਸਾਨੂੰ ਈਮੇਲ ਜਾਂ 0161 275 3415 'ਤੇ ਸਾਨੂੰ ਕੱਲ ਕਰ ਸਕਦੇ ਹੋ।

**ਇਸ ਜਾਣਕਾਰੀ ਸ਼ੀਟ ਨੂੰ ਪੜ੍ਹਣ ਲਈ ਸਮਾਂ ਦੇਣ ਵਾਸਤੇ ਤੁਹਾਡਾ ਧੰਨਵਾਦ।**

**ਆਪਣੇ ਬੱਚੇ ਦਾ ਇਸ ਰਿਸਰਚ ਦਾ ਹਿੱਸੇ ਹੋਣ ਵਜੋਂ ਸਹਿਮਤ ਦੇਣਾ**

- ਸਾਨੂੰ ਉਮੀਦ ਹੈ ਕਿ ਤੁਸੀਂ ਇਸ ਰਿਸਰਚ ਵਿੱਚ ਆਪਣੇ ਬੱਚੇ ਨੂੰ ਭਾਗ ਲੈਣ ਦੀ ਆਗਿਆ ਦੇਵੋਗੇ।
- ਇਜਾਜ਼ਤ ਦੇ ਕੇ, ਤੁਸੀਂ ਆਪਣੇ ਬੱਚੇ ਨੂੰ #BeeWell ਸਰਵੇਖਣ ਵਿੱਚ ਹਿੱਸਾ ਲੈਣ, ਉਹਨਾਂ ਦੇ ਸਰਵੇਖਣ ਡਾਟਾ ਨੂੰ ਉਹਨਾਂ ਬਾਰੇ ਪਿਛੋਕੜ ਦੀ ਜਾਣਕਾਰੀ ਨਾਲ ਲਿੰਕ ਕਰਨ, ਅਤੇ ਉਹਨਾਂ ਬਾਰੇ ਰੱਖੀ ਗਈ ਹੋਰ ਜਾਣਕਾਰੀ ਨਾਲ ਉਹਨਾਂ ਦੇ ਡਾਟਾ ਨੂੰ ਭਵਿੱਖ ਵਿੱਚ ਲਿੰਕ ਕਰਨ ਲਈ ਸਹਿਮਤੀ ਦੇ ਰਹੇ ਹੋ ('ਡੇਟਾ ਸੁਰੱਖਿਆ ਅਤੇ ਗੁਪਤਤਾ' ਵਿੱਚ ਉੱਪਰ ਦਿੱਤਾ ਗਿਆ ਹੈ)।
- ਜੇ ਤੁਸੀਂ ਇਜਾਜ਼ਤ ਨਹੀਂ ਦਿੰਦੇ ਤਾਂ, ਤੁਹਾਨੂੰ **ਜਿੰਨੀ ਜਲਦੀ ਹੋ ਸਕੇ ਹੇਠਾਂ ਦਿੱਤੇ ਫਾਰਮ ਨੂੰ ਵਾਪਸ ਕਰਨ ਦੀ** ਲੋੜ ਹੈ, ਅਤੇ ਇਸ ਨੂੰ **3 ਨਵੰਬਰ 2023 ਤੋਂ ਪਹਿਲਾਂ ਵਾਪਸ ਕੀਤਾ ਜਾਣਾ ਚਾਹੀਦਾ ਹੈ।**
- ਭਾਗ ਨਾ ਲੈਣ ਕਰਕੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਵੇਗਾ।
- ਇਹ ਸਾਰੇ ਬੱਚਿਆਂ ਨੂੰ ਸਪੱਸ਼ਟ ਕਰ ਦਿੱਤਾ ਜਾਵੇਗਾ ਕਿ ਜੇਕਰ ਉਹ ਹਿੱਸਾ ਲੈਂਦੇ ਹਨ ਤਾਂ ਇਹ ਉਹਨਾਂ 'ਤੇ ਨਿਰਭਰ ਕਰਦਾ ਹੈ। ਉਹ ਇਸ ਬਾਰੇ ਵੀ ਯਾਦ ਕਰਵਾਉਣਗੇ ਕਿ ਉਹ ਜਿਹੜੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦੇ ਉਹ ਛੱਡ ਸਕਦੇ ਹਨ।

---

ਤਹਾਨੂੰ ਸਲਿੱਪ ਪੂਰੀ ਕਰਨੀ ਪਵੇਗੀ ਅਤੇ ਵਾਪਿਸ ਭੇਜਣੀ ਪਵੇਗੀ ਜੇ ਤੁਸੀਂ ਆਪਣੇ ਬੱਚੇ ਨੂੰ ਭਾਗ ਲੈਣ **ਨਹੀਂ** ਦੇਣਾ ਚਾਹੁੰਦੇ ਕਿਰਪਾ ਕਰਕੇ ਇਸ ਫਾਰਮ ਨੂੰ ਜਾਂ ਤਾਂ ਸਕੈਨ ਕਰੋ ਅਤੇ lawrence.wo@manchester.ac.uk 'ਤੇ ਈਮੇਲ ਕਰੋ (ਜਾਂ 0161 275 3415 'ਤੇ ਫੋਨ ਕਰੋ), ਜਾਂ ਹੇਠਾਂ ਦਿੱਤੇ ਪਤੇ 'ਤੇ ਵਾਪਿਸ ਡਾਕ ਰਾਈ ਭੇਜੋ:

FREEPOST RLYU-KAAB-AXRC
ਲੱਰੇਂਸ ਵੋ
ਮੈਨਚੈਸਟਰ ਇੰਸਟੀਟਿਊਟ ਔਫ਼ ਐਜੂਕੇਸ਼ਨ
B4.10 ਏਲਨ ਵਿਕਿਨਸਨ ਬਿਲਡਿੰਗ
ਯੂਨੀਵਰਸਿਟੀ ਆਫ ਮੈਨਚੈਸਟਰ
ਆਕਸਫੋਰਡ ਰੋਡ
ਮੈਨਚੈਸਟਰ
M13 9PL

**ਤੁਹਾਨੂੰ ਮੋਹਰ ਲਗਾਉਣ ਦੀ ਲੋੜ ਨਹੀਂ ਹੈ।**

**ਜੇ ਤੁਸੀਂ ਆਪਣੇ ਬੱਚੇ ਦੇ ਭਾਗ ਲੈਣ ਕਰਕੇ ਖੁਸ਼ ਹੋ, ਤਾਂ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ।**

ਪਿਆਰੇ ਲੱਰੇਂਸ,

ਮੈਂ #BeeWell ਅਧਿਅਨ ਵਿੱਚ ਆਪਣੇ ਬੱਚੇ ਦਾ ਭਾਗ ਲੈਣਾ ਰੋਕਣਾ ਚਾਹੁੰਦਾ ਹਾਂ।

| | |
|---|---|
| ਬੱਚੇ ਦਾ ਨਾਮ: | |
| | |
| ਬੱਚੇ ਦਾ ਸਕੂਲ: | |

| | |
|---|---|
| | |
| ਬੱਚੇ ਦਾ ਉਮਰ ਸਮੂਹ (ਜਿਵੇਂ 8, 9, 10): | |
| | |
| ਮਾਤਾ/ਪਿਤਾ/ਦੇਖਭਾਲਕਰਤਾ ਦਾ ਨਾਮ: | |
| | |
| ਮਾਤਾ/ਪਿਤਾ/ਦੇਖਭਾਲਕਰਤਾ ਦੇ ਹਸਤਾਖ਼ਰ: | |
| | |
| ਤਾਰੀਖ਼: | |

**ਕਿਰਪਾ ਕਰਕੇ 3 ਨਵੰਬਰ 2023 ਤੱਕ ਵਾਪਸ ਭੇਜੋ।**